**International Journal of Academic Research and Development**
**ISSN: 2455-4197, Impact Factor: RJIF 5.22**
**www.newresearchjournal.com/academic**
**Volume 1; Issue 4; April 2016; Page No. 61-62**

# ਇਸਤਰੀਮਨ ਦੀ ਪੀੜਾ ਨੂੰ ਵਿਅਕਤ ਕਰਦੀ ਕਹਾਣੀ: ਭਾਬੀ ਮੈਨਾ (ਗੁਰਬਖਸ਼ ਸਿੰਘ ਪ੍ਰੀਤਲੜੀ)

**Dr. Rachhpal Singh Uppal**
**Guru Nanak Khalsa College, Abohar, Punjab, India**

## Introduction

ਗੁਰਬਖਸ਼ ਸਿੰਘ 'ਪ੍ਰੀਤਲੜੀ' ਇਕ ਬਹੁਪੱਖੀ ਸਾਹਿਤਕਾਰ ਹੈ ਜੋ ਵਿਭਿੰਨ ਸਾਹਿਤਕ ਵਿਧਾਵਾਂ ਰਾਹੀਂ ਪੰਜਾਬੀ ਜਗਤ ਦੇ ਅੰਬਰ ਉਪਰ ਕਈ ਦਹਾਕੇ ਧਰੂਤਾਰਾ ਬਣਕੇ ਚਮਕਦਾ ਰਿਹਾ। ਉਸਦੀ ਰਚਨਾਕਾਰੀ ਆਧੁਨਿਕ ਪੰਜਾਬੀ ਸਾਹਿਤ ਵਿੱਚ ਨਵੇਂ ਕਲਾਤਮਿਕ ਮਾਪਦੰਡਾਂ ਨੂੰ ਉਸਾਰਦੀ ਹੋਈ ਸਮਾਜ ਸੱਭਿਆਚਾਰਕ ਪੱਖ ਤੋਂ ਸਿਹਤਮੰਦ ਕਦਰਾ ਕੀਮਤਾਂ ਦੇ ਪ੍ਰਚਲਨ ਦੀ ਅਗਵਾਈ ਵੀ ਕਰਦੀ ਹੈ।

ਗੁਰਬਖਸ਼ ਸਿੰਘ ਪ੍ਰੀਤਲੜੀ ਆਪਣੇ ਪੂਰਵਲੇ ਕਹਾਣੀਕਾਰਾਂ ਦੀ ਪਾਈ ਲੀਹ ਤੋਂ ਹਟਕੇ ਨਵੇਂ/ ਵੱਖਰੇ ਰਾਹਾਂ ਦਾ ਪਾਂਧੀ ਬਣਦਾ ਹੈ। ਉਹ ਪੰਜਾਬੀ ਕਹਾਣੀ ਨੂੰ ਅਧਿਆਤਮਵਾਦ ਤੇ ਸੁਧਾਰਵਾਦ ਦੀਆਂ ਵਲਗਣਾਂ ਦੇ ਸੀਮਤ ਘੇਰੇ ਵਿਚੋਂ ਕੱਢ ਕੇ ਆਪਣੇ ਅਫ਼ਲਾਤੂਨੀ ਪਿਆਰ ਸਿਧਾਂਤ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਨੂੰ ਵਾਹਕ ਬਣਾਉਂਦਾ ਹੈ। ਨਿਰਸੰਦੇਹ ਇਹ ਅਜਿਹਾ ਚੁਣੌਤੀ ਭਰਿਆ ਵਿਸ਼ਾ ਸੀ ਜਿਸਦਾ ਉਸ ਸਮੇਂ ਜਗੀਰਦਾਰੀ ਕਦਰਾਂ-ਕੀਮਤਾਂ ਵਾਲੇ ਸਮਾਜਿਕ ਢਾਂਚੇ ਵਿਚ ਸਾਹਿਤਕ ਅਭਿਵਿਅਕਤੀ ਲਈ ਚੁਣਨਾ ਜਾਂ ਪੇਸ਼ ਕਰਨਾ ਵੀ ਵਿਵਰਜਿਤ ਸੀ। ਪ੍ਰੰਤੂ ਲੇਖਕ ਦੀਆਂ ਵਧੇਰੇ ਕਹਾਣੀਆਂ ਇਸ ਵਰਜਨਾ ਨੂੰ ਉਲੰਘ ਕੇ ਇਸ ਨੂੰ ਪ੍ਰਵਾਨਿਤ ਬਣਾਉਣ ਦਾ ਹੀ ਉਪਰਾਲਾ ਕਰਦੀਆਂ ਨਜ਼ਰ ਆਉਂਦੀਆਂ ਹਨ।

ਗੁਰਬਖ਼ਸ਼ ਸਿੰਘ ਦੀ ਪਹਿਲੀ ਕਹਾਣੀ 'ਪ੍ਰਤਿਮਾ' 1913 ਵਿਚ ਲਿਖੀ ਗਈ ਸੀ ਤੇ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਪ੍ਰੀਤ ਕਹਾਣੀਆਂ' 1938 ਵਿਚ ਪ੍ਰਕਾਸ਼ਿਤ ਹੋਇਆ ਸੀ। ਉਸਤੋਂ ਬਾਅਦ 'ਅਨੋਖੇ ਤੇ ਇਕੱਲੇ', ਵੀਣਾ ਵਿਨੋਦ, 'ਨਾਗਪ੍ਰੀਤ ਦਾ ਜਾਦੂ', 'ਭਾਬੀ ਮੈਨਾ', 'ਪ੍ਰੀਤਾਂ ਦੇ ਪਹਿਰੇਦਾਰ', 'ਰੰਗ ਸਹਿਕਦਾ ਦਿਲ', 'ਜ਼ਿੰਦਗੀ ਵਾਰਿਸ ਹੈ ਤੇ 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ' ਆਦਿ ਨਾਲ ਪੰਜਾਬੀ ਕਹਾਣੀ ਜਗਤ ਦੇ ਪਿੜ ਨੂੰ ਹੋਰ ਵੀ ਮੋਕਲਾ ਕਰਦਾ ਹੈ।

ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਦੀ ਕੇਂਦਰੀ ਚੂਲ 'ਪ੍ਰੀਤ' ਹੈ, ਉਸ ਅਨੁਸਾਰ ਸਾਰੇ ਸੰਸਾਰਕ ਦੁੱਖਾਂ ਦਾ ਕਾਰਣ ਪ੍ਰੀਤ ਵਿਹੂਣਾ ਜੀਵਨ ਹੈ। ਉਹ ਕਿਸੇ ਵਿਅਕਤੀ ਦੇ ਵਿਅਕਤੀਤਵ ਦਾ ਸੰਤੁਲਤ ਵਿਕਾਸ, ਨਿਖਾਰ ਅਤੇ ਕਿਸੇ ਕੌਮ ਦੀ ਖੁਸ਼ਹਾਲੀ ਦਾ ਮੂਲ ਅਧਾਰ ਵੀ ਪ੍ਰੀਤ ਜਜ਼ਬਾ ਹੀ ਮੰਨਦਾ ਹੈ। ਲੇਖਕ ਦੀਆਂ ਕਹਾਣੀਆਂ ਵਿਚ ਪ੍ਰੀਤ ਤੋਂ ਇਲਾਵਾ ਮਜ਼ਹਬੀ ਕੱਟੜਤਾ, ਅੰਧ ਵਿਸ਼ਵਾਸ, ਗ਼ਰੀਬੀ, ਅਨਪੜ੍ਹਤਾ, ਲੁੱਟ-ਖਸੁੱਟ, ਜ਼ੁਲਮ, ਔਰਤ ਦੀ ਗ਼ੁਲਾਮੀ, ਬਾਲ ਵਿਆਹ, ਊਚ-ਨੀਚ, ਜਾਤ-ਪਾਤ, ਧਾਰਮਿਕ ਸੰਪਰਦਾਇਕਤਾ, ਦੇਸ਼ ਵੰਡ, ਸੰਸਾਰ ਜੰਗ ਆਦਿ ਰਾਸ਼ਟਰੀ ਅੰਤਰ ਰਾਸ਼ਟਰੀ ਵਿਸ਼ੇ ਵੀ ਵਿਦਮਾਨ ਹਨ।

ਪ੍ਰੀਤਲੜੀ ਨੇ ਅਜਿਹੀਆਂ ਬਿਹਤਰੀਨ ਕਹਾਣੀਆਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਦੇ ਪਾਤਰ ਪੰਜਾਬੀ ਕਹਾਣੀ ਦੇ ਮੀਲ-ਪੱਥਰ ਬਣ ਗਏ ਹਨ, ਜਿਨ੍ਹਾਂ ਵਿਚੋਂ ਇਕ ਹੈ 'ਭਾਬੀ ਮੈਨਾ'/ ਕਹਾਣੀ 'ਭਾਬੀ ਮੈਨਾ' ਬ੍ਰਾਹਮਣ ਵਾਦੀ ਜਗੀਰੂ ਸੰਸਕਾਰਾਂ ਦੀ ਲਪੇਟ ਵਿਚ ਆਈ ਨੌਜਵਾਨ ਵਿਧਵਾ ਔਰਤ ਦੇ ਮਨ ਦੀ ਪੀੜਾ ਨੂੰ ਵਿਅਕਤ ਕਰਦੀ ਹੈ। ਨਾਇਕਾ ਅਜਿਹੀਆਂ ਪਰਸਥਿਤੀਆਂ ਦੀ ਭੋਗਣਹਾਰ/ਸ਼ਿਕਾਰ ਹੈ ਜਿਨ੍ਹਾਂ ਤੋਂ ਉਹ ਬਾਗੀ ਹੋਣਾ ਲੋਚਦੀ ਹੈ ਪ੍ਰੰਤੂ ਸਮਾਜਿਕ ਤੇ ਧਾਰਮਿਕ ਤੰਗ ਵਲਗਣਾ ਉਸ ਦੇ ਰਾਹ ਦਾ ਰੋੜ੍ਹਾ ਬਣਦੀਆਂ ਹਨ ਜਿਨ੍ਹਾਂ ਤੋਂ ਸਦਾ ਲਈ ਨਿਜ਼ਾਤ ਪਾਉਣ ਵਾਸਤੇ ਉਹ ਮੌਤ ਨੂੰ ਗਲ ਲਾਉਣਾ ਹੀ ਬਿਹਤਰ ਸਮਝਦੀ ਹੈ।

ਕਹਾਣੀ ਦੀ ਨਾਇਕਾ 'ਭਾਬੀ ਮੈਨਾ' ਭਾਵ ਮੈਨਾ ਭਾਬੀ ਜੋ ਪਤੀ ਦਾ ਸਾਇਆ ਸਿਰ ਤੋਂ ਉਠਣ ਤੇ ਵਿਧਵਾ ਵਾਲਾ ਜੀਵਨ ਬਿਤਾ ਰਹੀ ਹੈ, ਰੰਡੇਪਾ ਕੱਟ ਰਹੀ ਹੈ, ਉਸ ਨੂੰ ਉਸਦੀ ਸੱਸ ਵੱਲੋਂ ਇਕ ਕਮਰੇ ਵਿਚ ਕੈਦਣ ਵਾਂਗ ਹੀ ਰੱਖਿਆ ਜਾਂਦਾ ਹੈ। ਮੈਨਾ ਉਸਨੂੰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਹ ਪਿੰਜਰੇ ਚ ਬੰਦ ਮੈਨਾ ਵਾਂਗ ਹੀ ਜੀਵਨ ਬਤੀਤ ਕਰਦੀ ਹੈ। ਲੇਖਕ ਮੈਨਾ ਦੇ ਅਰਥਾਂ ਨੂੰ ਕਹਾਣੀ ਦੇ ਪਾਤਰ ਕਾਕੇ ਤੇ ਉਸਦੀ ਮਾਂ ਦੀ ਵਾਰਤਾਲਾਪ ਵਿਚੋਂ ਇਸ ਤਰ੍ਹਾਂ ਬਿਆਨਦਾ ਹੈ :-

"ਮੈਨਾ ਉਹ ਹੁੰਦੀ ਏ ਨਾ, ਜਿਹੜੀ ਮਾਮਾ ਜੀ ਦੇ ਘਰ ਪਿੰਜਰੇ ਵਿਚ ਬੜੀਆਂ ਪਿਆਰੀਆਂ ਗੱਲਾਂ ਕਰਦੀ ਏ ?" [1]

'ਭਾਬੀ ਮੈਨਾ' ਕਾਹਣੀ ਦੀ ਵਿਧਵਾ ਨਾਇਕਾ ਨੂੰ ਘੱਟ ਉਮਰ ਤੇ ਵਿੱਦਿਆ ਦੀ ਕੋਈ ਜਾਗ੍ਰਿਤੀ ਨਾ ਹੋਣ ਕਾਰਨ ਪਰਿਵਾਰਕ ਤੇ ਸਮਾਜਕ ਵਰਤਾਰੇ ਅਧੀਨ ਦਬ-ਘੁੱਟ ਕੇ ਹੀ ਰਹਿਣਾ ਪੈਂਦਾ ਹੈ। ਜਵਾਨ ਉਮਰ ਹੋਣ ਕਾਰਨ ਉਸ ਨੂੰ ਗਲੀ-ਮੁਹੱਲੇ ਵਿੱਚ ਵੀ ਕਿਸੇ ਨਾਲ ਮਿਲਣ-ਜੁਲਣ ਦੀ ਆਜ਼ਾਦੀ ਨਹੀਂ ਹੁੰਦੀ। ਬਸ ਹਰ ਵੇਲੇ ਆਪਣੇ ਕਮਰੇ ਅੰਦਰ ਇਕ ਨਜ਼ਰਬੰਦ ਕੈਦੀ ਵਰਗਾ ਜੀਵਨ ਬਿਤਾਉਣ ਲਈ ਮਜ਼ਬੂਰ ਹੁੰਦੀ ਹੈ। ਉਸਦੀ ਜ਼ਿੰਦਗੀ ਵਿੱਚ ਜੇ ਕੋਈ ਆਕਰਸ਼ਣ ਜਾਂ ਖੇੜਾ ਸੀ ਤਾਂ ਉਸਦੇ ਸੁੰਦਰ ਲੰਮੇ ਵਾਲ, ਜਿਨ੍ਹਾਂ ਨੂੰ ਵੇਖ-ਵੇਖ ਉਹ ਆਪ ਹੀ ਮੋਹਿਤ ਹੁੰਦੀ ਰਹਿੰਦੀ ਤੇ ਸਾਹਮਣੇ ਘਰ ਰਹਿੰਦਾ ਕਾਕਾ ਜਿਸ ਨੂੰ ਜਾਂ ਤਾਂ ਉਹ ਗਲੀ ਵਿੱਚ ਸਕੂਲ ਤੋ ਆਉਂਦੇ ਜਾਂਦੇ ਦੇਖਦੀ ਰਹਿੰਦੀ ਸੀ ਜਾਂ ਉਸਦੇ ਕਮਰੇ ਦੀ ਬਾਰੀ ਵਿਚੋਂ ਦਿੱਸਦਾ ਕਾਕੇ ਦਾ ਘਰ ਤੇ ਉਹ ਕਮਰਾ ਜਿੱਥੇ ਉਹ ਸੁੱਤਾ ਨਜ਼ਰ ਆਉਂਦਾ ਸੀ। ਸ਼ਾਇਦ ਇਸ ਖੇੜੇ ਨੂੰ ਹੀ ਜੀਵਨ ਸਮਝ ਉਹ ਆਪਣੀ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਹੀ ਬਿਤਾ ਦੇਂਦੀ ਜੇ ਉਸ ਦੀ ਸੱਸ ਨੂੰ ਸਾਹਮਣੇ ਘਰ ਰਹਿੰਦੇ ਕਾਕੇ ਨਾਲ, ਜਿਹੜਾ ਤੇਰ੍ਹਾਂ-ਚੋਦ੍ਹਾ ਵਰ੍ਹਿਆਂ ਦਾ ਕਿਸ਼ੋਰ ਹੋਣ ਦੇ ਬਾਵਜੂਦ ਸੁੱਸ ਦੀ ਨਜ਼ਰ ਵਿੱਚ ਇਕ ਮਰਦ ਜਾਤ ਸੀ, ਨਾਲ ਰਾਤੀ ਗੱਲਾਂ ਕਰਨ ਦਾ ਸ਼ੱਕ ਨਾ ਪੈਂਦਾ, ਕਿਉਂਕਿ ਸਵੇਰ ਹੁੰਦੇ ਹੀ ਸੱਸ ਨੇ ਉਸ ਬਾਰੀ ਨੂੰ ਹਮੇਸ਼ਾ ਲਈ ਬੰਦ ਕਰ ਤਾਲਾ ਲਗਾ ਦਿੱਤਾ।

" ਸੱਸ ਚਲੀ ਗਈ। ਪਰ ਭਾਵੇਂ ਕਾਕਾ ਬਿਲਕੁੱਲ ਬੱਚਾ ਸੀ ਤੇ ਆਪਣੀ ਉਮਰ ਨਾਲੋਂ ਵੀ ਭੋਲਾ ਸੀ ਤਾਂ ਵੀ ਸੀ ਤਾਂ ਮਰਦ ਮਾਹਨੂੰ-ਵਿਧਵਾਵਾਂ ਦਾ ਕੀ ਕੰਮ ਕਿ ਬੱਚਿਆ ਵੱਲ ਵੀ ਇਸ ਤਰ੍ਹਾਂ ਤੱਕਣਾਂ...। ਇਹ ਗੱਲਾਂ ਸੁੱਟ ਪਾਣ ਵਾਲੀਆਂ ਨਹੀ ਸਨ। ਇਹੋ ਨਿੱਕੀਆਂ ਬੱਦਲੀਆਂ ਕਦੇ ਕਾਲੀਆਂ ਘਟਾਂ ਬਣ ਜਾਂਦੀਆਂ ਨੇ...। ਅੱਜ ਜਦੋਂ ਕਾਕਾ ਸਕੂਲੋਂ ਆਇਆ, ਮੈਨਾ ਦੀ ਬਾਰੀ ਬੰਦ ਸੀ, ਰਾਤੀਂ ਵੀ ਉਹ ਬਾਰੀ ਬੰਦ ਰਹਿਣ ਲੱਗ ਪਈ।" [2]

ਸੱਚੀ-ਸੁੱਚੀ ਤੇ ਚਰਿੱਤਰਵਾਨ ਮੈਨਾ ਨੂੰ ਸੱਸ ਵੱਲੋਂ ਲਾਏ ਇਸ ਜ਼ਬਰਦਸਤੀ ਦੇ ਦੂਸ਼ਣ ਨੂੰ ਬਰਦਾਸ਼ਤ ਕਰਨਾ ਅਸਹਿ ਹੋ ਗਿਆ ਤਾਂ ਉਸਨੇ ਇੱਕ ਫੈਸਲਾ ਕਰ ਲਿਆ, ਉਹ ਘਰ-ਪਰਿਵਾਰ, ਗਲੀ-ਮੁਹੱਲਾ ਤਾਂ ਕੀ ਇਹ ਸਮਾਜਕ ਜੀਵਨ ਹੀ ਛੱਡ ਕੇ ਇੱਕ ਕਠਿਨ ਭਰੇ ਅਖੋਤੀ ਧਾਰਮਿਕ ਜੀਵਨ ਨੂੰ ਅਪਣਾ ਪੂਜਣੀ ਬਨਣ ਦਾ ਫੈਸਲਾ ਕਰ ਲਿਆ।

'ਮੇਰੇ ਲਈ ਹੋਰ ਰਾਹ ਬਾਕੀ ਨਹੀਂ ਰਿਹਾ - ਮੈਂ ਪੂਜਣੀ ਹੋਣ ਦਾ ਫੈਸਲਾ ਕਰ ਲਿਆ ਏ।'

'ਪੂਜਣੀ ਕੀ ਹੁੰਦੀ ਏ ?'

' ਉਹ ਭਾਬੜਿਆਂ ਦੀਆਂ ਸਾਧੂ ਜ਼ਨਾਨੀਆਂ ਜਿਨ੍ਹਾਂ ਦੇ ਸਿਰ ਮੁੰਨੇ ਹੋਏ, ਮੂੰਹਾਂ ਉਤੇ ਪੱਟੀਆਂ ਤੇ ਪੈਰ ਨੰਗੇ ਹੁੰਦੇ ਨੇ।' [3]

ਪੂਜਣੀ ਹੋਣਾ ਅਜਿਹਾ ਵਰਤਾਰਾ ਹੈ ਜਾਂ ਧਰਮ ਹੈ ਜਿਸ ਅਧੀਨ ਔਰਤ/ਪੂਜਣੀ ਆਪਣਾ ਸ਼ਹਿਰ ਛੱਡ ਕੇ ਦੂਸਰੇ ਸ਼ਹਿਰ ਦੇ ਪਾਸਰੇ ਵਿਚ ਜਾ ਬਹਿੰਦੀ ਹੈ। ਉਸਦਾ ਸਿਰ ਘੋਨ-ਮੋਨ ਕਰ ਦਿਤਾ ਜਾਂਦਾ ਹੈ - ਪੋਟਿਆਂ ਨਾਲ ਇਕ-ਇਕ

ਕਰਕੇ ਉਸਦੇ ਸਿਰਦੇ ਸਾਰੇ ਵਾਲ ਪੁੱਟ ਦਿੱਤੇ ਜਾਂਦੇ ਹਨ। ਉਸਦੇ ਬਾਅਦ ਨਾ ਉਹ ਚੰਗਾ ਖਾ ਸਕਦੀ ਹੈ, ਨਾ ਪਹਿਨ ਸਕਦੀ ਹੈ ਤੇ ਨਾ ਹੀ ਮਰਦਾਂ ਨਾਲ ਕੋਈ ਗੱਲਬਾਤ ਕਰ ਸਕਦੀ ਹੈ। ਕਹਾਣੀ ਦੀ ਨਾਇਕਾ ਪੂਜਣੀ ਹੋਣ ਦੀਆਂ ਸਾਰੀਆਂ ਸ਼ਰਤਾਂ ਨੂੰ ਪਰਵਾਨ ਕਰ ਲੈਂਦੀ ਹੈ ਪਰ ਅਚਾਨਕ ਅਜਿਹੀ ਸਥਿਤੀ ਜਨਮ ਲੈਂਦੀ ਹੈ ਕਿ ਉਹ ਆਪਣੇ ਕੇਸ/ਵਾਲ ਕਟਾਉਣ ਤੋਂ ਇਨਕਾਰੀ ਹੋ ਜਾਂਦੀ ਹੈ। ਇਹ ਵਾਲ ਉਸਦੀ ਜਿੰਦ ਹਨ, ਉਸਦੀ ਜਾਨ ਇਨ੍ਹਾਂ ਵਾਲਾਂ ਵਿਚ ਵਸਦੀ ਹੈ, ਕਿਉਂਕਿ ਕਮਰੇ ਵਿਚ ਕੈਦ ਰਹਿੰਦਿਆਂ ਉਹ ਇਨ੍ਹਾਂ ਵਾਲਾਂ ਨਾਲ ਹੀ ਤਾਂ ਗੱਲਾਂ ਕਰਿਆ ਕਰਦੀ ਸੀ। ਵੱਡੇ ਪੂਜ ਵੱਲੋ ਵਾਲ ਕੱਟਣ ਦੀ ਜ਼ਿਦ ਤੇ ਉਹ ਮਹਿਸੂਸ ਕਰਦੀ ਹੈ :-

"ਮੈਨੂੰ ਜਾਪ ਰਿਹਾ ਹੈ ਕਿ ਇਹ ਮੇਰੇ ਵਾਲ ਜਿਉਂਦੇ ਹਨ - ਇਹ ਮੇਰੀ ਜਾਨ ਵਿਚ ਉੱਗੇ ਹੋਏ ਹਨ ............ ....ਇਹਨਾਂ ਵਿਚ ਕੋਈ ਜਿਉਂਦੀ ਛੁਹ ਸੀ ......... ਕਈ ਸਾਲ ਸਿਵਾਇ ਇਹਨਾਂ ਦੇ ਮੈਂ ਕਿਸੇ ਨਾਲ ਗੱਲ ਨਹੀਂ ਕੀਤੀ ..........।" [4]

ਅਸਲ ਵਿਚ ਨਾਇਕਾ ਬੇਸ਼ੱਕ ਪਿੰਜਰੇ ਦੀ ਮੈਨਾ ਬਣਕੇ ਰਹੀ ਹੈ, ਉਸਨੇ ਹਰ ਤਰ੍ਹਾਂ ਦੀਆਂ ਹਵਾਵਾਂ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ ਪਰ ਹੁਣ ਉਸਦੇ ਹਿਰਦੇ ਵਿਚ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਕੱਟਣ ਵਾਲੇ ਹਥਿਆਰ ਉੱਗ ਖਲੋਤੇ ਹਨ। ਹੁਣ ਉਸਦੇ ਖੰਭਾਂ ਵਿਚ ਨਵੀਂ ਸ਼ਕਤੀ ਨੇ ਜਨਮ ਧਾਰ ਲਿਆ ਹੈ ਜੋ ਉਸਨੂੰ ਉੱਚੇ ਅਸਮਾਨ ਵਿਚ ਉਡਾਰੀ ਮਾਰਨ ਲਈ ਉਕਸਾਹ ਰਹੀ ਹੈ, ਪਹਿਲੀ ਵਾਰੀ ਉਸਦੇ ਖੰਭਾਂ ਨੇ ਉਡਾਨ ਉਸ ਵੇਲੇ ਭਰੀ ਜਦੋਂ ਉਸਦੀ ਸੱਸ ਨੇ ਉਸਦੇ ਚਰਿੱਤਰ ਤੇ ਦੂਸ਼ਣ ਲਾਇਆ ਤੇ ਕਾਕੇ ਵੱਲ ਖੁੱਲ੍ਹਦੀ ਬਾਰੀ ਵੱਲ ਸਦਾ ਲਈ ਤਾਲਾ ਲਾ ਦਿਤਾ ਸੀ। ਉਹ ਉਸ ਬੰਦ ਬਾਰੀ ਵਾਲੇ ਕਮਰੇ ਵਿਚ ਕੈਦਣ ਬਣਕੇ ਨਹੀਂ ਰਹਿਣਾ ਚਾਹੁੰਦੀ ਸਗੋਂ ਕਮਰੇ, ਘਰ ਤੇ ਮੁਹੱਲੇ ਨੂੰ ਛੱਡਕੇ ਸਦਾ ਲਈ ਉਥੋਂ ਜਾਣ ਦਾ ਨਿਸ਼ਚਾ ਕਰ ਲੈਂਦੀ ਹੈ। ਜੋ ਇਕ ਪ੍ਰਕਾਰ ਨਾਲ ਸੱਸ ਵੱਲੋਂ ਕੀਤੀ ਜ਼ਿਆਦਤੀ ਦੇ ਖਿਲਾਫ਼ ਬਗ਼ਾਵਤ ਹੀ ਕਹੀ ਜਾ ਸਕਦੀ ਹੈ। ਦੂਜੀ ਉਡਾਰੀ ਉਹ ਉਸ ਵੇਲੇ ਭਰਦੀ ਨਜ਼ਰ ਆਉਂਦੀ ਹੈ, ਜਦੋਂ ਪੂਜਣ ਬਣਨ ਤੋਂ ਪਹਿਲਾਂ ਉਸਦੀ ਡੋਲੀ ਨੂੰ ਬੈਂਡ ਵਾਜਿਆਂ ਨਾਲ ਵੱਖ-ਵੱਖ ਬਜ਼ਾਰਾਂ ਵਿਚੋ ਲੰਘਾਇਆ ਜਾਂਦਾ ਹੈ ਤਾਂ ਉਸ ਉਪਰ ਫੁੱਲਾਂ ਦੀ ਵਰਖਾ ਕਰਨ ਲਈ ਖੜ੍ਹਾ ਕਾਕਾ ਦਿੱਸ ਪੈਣ ਤੇ ਆਪਣੀ ਡੋਲੀ ਨੂੰ ਰੋਕਣ/ਖੜ੍ਹਾ ਕਰਨ ਲਈ ਕਹਿੰਦੀ ਹੈ :-

" ਔਹ ਕਾਕਾ ਸਾਡੀ ਗਲੀ ਦਾ ਹੈ.....ਮੇਰੇ ਤੇ ਫੁੱਲ ਸੁੱਟਣਾ ਚਾਹੁੰਦਾ ਹੈ.....ਪਹੁੰਚਦੇ ਨਹੀਂ.....ਉਹਨੂੰ ਇਕ ਮਿੰਟ ਲਈ ਮੇਰੇ ਕੋਲ ਲਿਆ ਦਿਓ " [5]

ਉਸ ਤੀਜੀ ਉਡਾਰੀ ਇੱਕ ਵਾਰ ਉਦੋਂ ਨਜ਼ਰ ਆਉਂਦੀ ਹੈ ਜਦੋਂ ਵੱਡਾ ਪੂਜ ਉਸ ਨੂੰ ਉਸਦੇ ਸੁੰਦਰ ਲੰਮੇ ਵਾਲ ਉਸਤਰੇ ਨਾਲ ਉਤਾਰ ਦੇਣ ਲਈ ਕਹਿੰਦਾ ਹੈ। ਮੈਨਾ ਲਈ ਉਸਦੇ ਵਾਲ ਨਿਰਜਿੰਦ ਨਹੀਂ, ਸਗੋਂ ਉਸ ਦੀ ਆਪਣੀ ਜਾਨ ਹੀ ਉਨ੍ਹਾਂ ਵਾਲਾਂ ਵਿੱਚ ਵਸਦੀ ਸੀ। ਵਾਲਾਂ ਦੇ ਕੱਟਣ ਦਾ ਜ਼ਿਕਰ ਸੁਣ ਕੇ ਉਹ ਉਸਦਾ ਹਾਉਕਾ ਨਾ ਰੋਕ ਸਕੀ ਤੇ ਬੜਾ ਹੋਂਸਲਾ ਕਰਕੇ ਬੋਲੀ:-

" ਪਜ ਪਿਤਾ ਜੀ ਮੈਨੂੰ ਵਾਲ ਰੱਖਣ ਦੀ ਆਗਿਆ ਨਹੀਂ ਦੇ ਸਕਦੇ ? ਇਹ ਕਿਸ ਤਰ੍ਹਾਂ ਹੋ ਸਕਦਾ ਹੈ ?"

ਵੱਡੇ ਪੂਜ ਨੇ ਹੈਰਾਨੀ ਨਾਲ ਕਿਹਾ।

"....... ਪਰ ਜੇ ਤੁਸੀਂ ਮੰਨ ਲਵੋ.... ਮੈਂ ਤੁਹਾਨੂੰ ਕਦੇ ਉਲਾਂਭਾ ਨਹੀਂ ਦੁਆਵਾਂਗੀ...... ਮੈਂ ਤੁਹਾਡੀ ਉਹੋ ਜਿਹੀ ਸੇਵਕ ਬਣਾਂਗੀ ਕਿ ਸਾਰੀ ਕੌਮ ਅਚੰਭਾ ਕਰੇਗੀ...... ਮੇਰੇ ਵਾਲ ਨਾ ਕੱਟੇ ਜਾਣ।" [6]

ਪਰ ਵੱਡੇ ਪੂਜ ਲਈ ਉਸਦੇ ਆਪਣੇ ਅਸੂਲ ਵਧੇਰੇ ਮਾਇਨੇ ਰੱਖਦੇ ਹਨ। ਇਨ੍ਹਾਂ ਅਸੂਲ ਦੀ ਪਾਲਣਾ ਕਰਵਾਉਣਾ ਉਸਦੀ ਮਜ਼ਬੂਰੀ ਵੀ ਹੁੰਦੀ ਹੈ। ਜਦੋਂ ਪੂਜ ਮੈਨਾ ਨੂੰ ਸੋਚਦੇ ਵੇਖਦਾ ਹੈ ਤਾਂ ਉਸ ਨੂੰ ਕੁਝ ਸਮਾਂ ਦੇ ਕੇ ਇੱਕਲਿਆਂ ਇਸ ਮਾਮਲੇ ਤੇ ਸੋਚ-ਵਿਚਾਰ ਕਰਨ ਲਈ ਕਹਿੰਦਾ ਹੈ। ਉਹ ਕਦੇ ਉਸ ਫ਼ੈਸਲੇ ਨੂੰ ਸਵੀਕਾਰ ਨਹੀਂ ਕਰਦੀ ਜੋ ਉਸ ਦੀ ਹੋਂਦ ਲਈ ਰੁਕਾਵਟ ਬਣੇ। ਦੋਚਿੱਤੀ ਵਿੱਚ ਫ਼ਸਣ ਦੀ ਬਜਾਏ ਉਹ ਇੱਕਦਮ ਫ਼ੈਸਲਾ ਕਰਨ ਵਿੱਚ ਯਕੀਨ ਰੱਖਣ ਵਾਲੀ ਇਸਤਰੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਉਹ ਸ਼ਾਇਦ ਆਪਣੀ ਜ਼ਿੰਦਗੀ ਦੀ ਕਲਪਨਾ ਹੀ ਨਹੀਂ ਕਰ ਸਕਦੀ ਜਿਸ ਵਿੱਚ ਉਸਦੇ ਸੁੰਦਰ ਲੰਮੇ ਵਾਲ ਨਾ ਹੋਣ। ਜੋ ਉਸ ਨੂੰ ਉਨ੍ਹਾਂ ਬਗੈਰ ਜੀਵਨ ਜਿਊਣਾ ਪੈਂਣਾ ਹੈ ਤਾਂ ਮੈਨਾ ਇਸ ਜੀਵਨ ਨੂੰ ਜਿਊਣਯੋਗ ਹੀ ਨਹੀਂ ਸਮਝਦੀ। ਉਸ ਨਾਲੋਂ ਤਾਂ ਉਸ ਨੂੰ ਮੌਤ ਨੂੰ ਇੱਕ ਦਮ ਗਲੇ ਲਗਾਉਣਾ ਹੀ ਸਭ ਤੋਂ ਉੱਤਮ ਫ਼ੈਸਲਾ ਲੱਗਦਾ ਹੈ। ਅਖ਼ੀਰ ਉਹ ਰੌਂਸ ਉਤੇ ਖਲੋ ਕੇ ਛਾਲ ਮਾਰ ਕੇ ਆਤਮ ਹੱਤਿਆ ਕਰਕੇ ਉਹ ਹਾਰਦੀ ਹੋਈ ਬਾਜੀ ਨੂੰ ਵੀ ਜਿੱਤ ਵਿਚ ਤਬਦੀਲ ਕਰ ਲੈਂਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਧਰਮ ਜੋ ਕਿ ਔਰਤ ਨੂੰ ਜਣਨੀ ਕਹਿਕੇ ਸਤਿਕਾਰਦਾ ਹੈ ਤੇ ਸਮਾਜ ਜਿਸ ਨੂੰ ਔਰਤ ਮਰਦ ਦੇ ਮੋਢੇ ਲਾਲ ਮੋਢਾ ਜੋੜ ਕੇ ਸਿਰਜਨ ਵਿਚ ਸਕਰਾਤਮਕ ਰੋਲ ਅਦਾ ਕਰਦੀ ਹੈ, ਵਿਚ ਔਰਤ ਨੂੰ ਹਮੇਸ਼ਾਂ ਨਿਮਾਣੀ, ਨਿਤਾਣੀ ਤੇ ਨਿਰਬਲ ਰੂਪ ਵਿਚ ਹੀ ਕਿਉਂ ਦੇਖਿਆ ਜਾਂਦਾ ਹੈ। ਧਰਮ ਦੇ ਠੇਕੇਦਾਰ ਹੋਣ ਜਾਂ ਸਮਾਜ ਦੇ ਅਲੰਬਰਦਾਰ ਦੋਨੋਂ ਹੀ ਔਰਤ ਨੂੰ ਆਜ਼ਾਦੀ ਦੇਣ ਦੇ ਰੌਂਅ ਵਿਚ ਨਜ਼ਰ ਨਹੀਂ ਆਉਂਦੇ। ਕਹਾਣੀ ਦੀ ਨਾਇਕਾ ਇਨ੍ਹਾਂ ਦੋਨਾਂ ਪੁੜਾਂ ਵਿਚਾਲੇ ਹੀ ਪਿਸਦੀ ਹੈ। ਜ਼ਿੰਦਗੀ ਦੇ ਖ਼ੂਬਸੂਰਤ ਖੇੜਿਆਂ ਵਿਚੋਂ ਇਕ ਨੂੰ ਸਮਾਜ ਨੇ ਖੋਹ ਲਿਆ ਹੈ ਤੇ ਦੂਜੇ ਨੂੰ ਧਰਮ ਨੇ। ਬ੍ਰਾਹਮਣਵਾਦੀ ਸੰਸਕਾਰ ਉਸਨੂੰ ਕੈਦਣ ਦਾ ਰੂਪ ਬਖਸ਼ਦੇ ਹਨ ਤੇ ਧਾਰਮਿਕ ਵਲਗਣਾ ਉਸਤੋਂ ਉਸ ਦੀ ਖ਼ੂਸਸੂਰਤੀ ਤੇ ਅਜ਼ਾਦੀ ਖੋਂਹਦੀਆਂ ਹਨ। 'ਮੈਨਾ' ਇਨ੍ਹਾਂ ਜ਼ਬਰਦਸਤੀ ਬੰਧਨਾ ਵਿਚ ਜਿਉਣ ਦੀ ਬਜਾਇ ਆਪਣੀ ਹੋਂਦ, ਆਪਣੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਅਖ਼ੀਰ ਦ੍ਰਿੜਤਾ ਨਾਲ ਫ਼ੈਸਲਾ ਲੈਂਦੀ ਹੋਈ ਮੌਤ ਨੂੰ ਆਪਣਾ ਜੀਵਨ ਸਾਥੀ ਬਣਾ ਲੈਂਦੀ ਹੈ। ਉਹ ਸੋਚਦੀ ਹੈ ਕਿ ਜੇਕਰ ਉਸਨੂੰ ਜਿਉਣ ਦੀ ਆਜ਼ਾਦੀ ਨਹੀਂ ਮਿਲੀ ਤਾਂ ਕੀ ਹੋਇਆ ਮੌਤ ਨੂੰ ਅਪਣਾਉਣ ਦੀ ਅਜ਼ਾਦੀ ਤਾਂ ਹੈ, ਜਿਸਨੂੰ ਉਹ ਪ੍ਰਾਪਤ ਕਰ ਲੈਂਦੀ ਹੈ।

ਵਿਚਾਰਨਯੋਗ ਨੁਕਤਾ ਇਹ ਹੈ ਕਿ ਉਸਦੇ ਅੰਦਰਲੀ ਮਾਨਸਿਕ ਪੀੜਾ ਨੂੰ ਨਾ ਤਾਂ ਸਮਾਜ ਸਮਝ ਸਕਿਆ ਹੈ ਤੇ ਨਾ ਹੀ ਧਰਮ ਉਸ ਨੂੰ ਇਸ ਪੀੜਾ ਤੋਂ ਨਵਿਰਤ ਕਰ ਸਕਿਆ ਹੈ। ਦੁਖਾਂਤਕ ਸਥਿਤੀ ਜਾਂ ਪਹਿਲੂ ਇਹ ਹੈ ਕਿ ਭਾਵੇਂ ਅਸੀਂ ਵਿਗਿਆਨਕ ਯੁੱਗ ਦੇ ਧਾਰਨੀ ਹੋ ਗਏ ਹਾਂ ਪਰ ਔਰਤ ਅੱਜ ਵੀ ਸਮਾਜਿਕ ਬੰਧਨਾ ਵਿਚ ਤੇ ਧਾਰਮਿਕ ਵਲਗਣਾ ਵਿਚ ਜਕੜੀ ਹੋਈ ਹੈ। ਲੇਖਕ ਕਹਾਣੀ ਰਾਹੀਂ ਔਰਤ ਨੂੰ 'ਮੈਨਾ' ਦੀ ਤਰ੍ਹਾਂ ਪਿੰਜਰੇ ਚ ਕੈਦ ਨਾ ਵੇਖਕੇ/ਕਰਕੇ ਸਗੋਂ ਆਜ਼ਾਦ ਫਿਜ਼ਾ ਵਿਚ ਵਿਚਰਦੀ ਦੇਖਣਾ ਚਾਹੁੰਦਾ ਹੈ ਜਿਸਦੀ ਉਹ ਵਕਾਲਤ ਕਰਦਾ ਹੋਇਆ ਔਰਤ ਮਨ ਦੀਆਂ ਗੁੰਝਲਾਂ/ਪੀੜਾ ਨੂੰ ਸਮਝਣ ਲਈ ਸੁਚੇਤ ਵੀ ਕਰਦਾ ਹੈ।

**ਹਵਾਲੇ**


1. ਗੁਰਚਰਨ ਸਿੰਘ ਅਰਸ਼ੀ (ਡਾ.) ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਚੋਣਵੀਆਂ ਕਹਾਣੀਆਂ। ਪੰਨਾ 121
2. ਉਹੀ ਪੰਨਾ 122
3. ਉਹੀ ਪੰਨਾ 124
4. ਉਹੀ ਪੰਨਾ 127
5. ਉਹੀ ਪੰਨਾ 126
6. ਉਹੀ ਪੰਨਾ 127